2. ਪ੍ਰੋ. ਪੂਰਨ ਸਿੰਘ

ਪ੍ਰੋ. ਪੂਰਨ ਸਿੰਘ ਪੰਜਾਬੀ ਕਾਵਿ ਜਗਤ ਵਿੱਚ 'ਅਲਬੇਲੇ ਕਵੀ' ਵਜੋਂ ਜਾਣਿਆ ਜਾਂਦਾ ਹੈ। ਆਪ ਨੇ ਪੰਜਾਬੀ ਵਿੱਚ ਛੰਦ ਮੁਕਤ-ਖੁੱਲ੍ਹੀ ਕਵਿਤਾ ਦੀ ਪਿਰਤ ਪਾਈ, ਜਿਸ ਨੂੰ 'ਸੈਲਾਨੀ ਛੰਦ' ਦੀ ਸੰਗਿਆ ਵੀ ਦਿੱਤੀ ਜਾਂਦੀ ਹੈ। ਆਪ ਨੇ ਪੰਜਾਬੀ ਕਵਿਤਾ ਵਿੱਚ ਵੱਡਾ ਪਰਿਵਰਤਨ ਲਿਆਂਦਾ। ਇਸ ਪੱਖੋਂ ਆਪ ਦੀ ਕਵਿਤਾ 'ਤੇ ਅਮਰੀਕਨ ਕਵੀ ਵਾਲਟ ਵਿੱਟਮੈਨ ਦਾ ਪ੍ਰਭਾਵ ਮੰਨਿਆ ਜਾਂਦਾ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਝਲਕ ਨਜ਼ਰ ਆਉਂਦੀ ਹੈ।

ਪ੍ਰੋ. ਪੂਰਨ ਸਿੰਘ ਦਾ ਜਨਮ 17 ਜਨਵਰੀ 1881 ਵਿੱਚ ਪਿੰਡ ਸਲਹੱਡ ਜਿਲ੍ਹਾ ਐਬਟਾਬਾਦ(ਪਕਿਸਤਾਨ) ਵਿਖੇ ਹੋਇਆ। ਪ੍ਰੋ. ਪੂਰਨ ਸਿੰਘ ਨੇ ਮੁੱਢਲੀ ਵਿੱਦਿਆ ਰਾਵਲਪਿੰਡੀ ਤੋਂ ਹਾਸਿਲ ਕੀਤੀ। ਐੱਮ.ਐੱਸ. ਸੀ. ਪਾਸ ਕਰਕੇ ਉਚੇਰੀ ਪੜ੍ਹਾਈ ਲਈ ਜਾਪਾਨ ਚਲੇ ਗਏ। ਜਾਪਾਨ ਵਿੱਚ ਸਾਹਿਤ ਕਲਾ ਦਾ ਅਧਿਐਨ ਕਰਦਿਆਂ ਆਪ ਨੇ ਬੁੱਧ ਧਰਮ ਦਾ ਵਿਸ਼ੇਸ਼ ਪ੍ਰਭਾਵ ਵੀ ਕਬੂਲਿਆ। ਸਵਾਮੀ ਰਾਮ ਤੀਰਥ ਦੇ ਪ੍ਰਭਾਵ ਅਧੀਨ ਆਪ ਵੇਦਾਂਤੀ ਬਣ ਗਏ, ਅੰਤ ਭਾਈ ਵੀਰ ਸਿੰਘ ਦੀ ਪ੍ਰੇਰਣਾ ਸਦਕਾ ਸਿੰਘ ਸਜ ਗਏ। ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਅਤੇ ਹਿੰਦੀ ਵਿੱਚ ਵੀ ਕਲਮ ਅਜ਼ਮਾਈ। 31 ਮਾਰਚ 1931 ਨੂੰ ਪ੍ਰੋ. ਪੂਰਨ ਸਿੰਘ ਦਾ ਦੇਹਾਂਤ ਹੋ ਗਿਆ।

'ਖੁੱਲ੍ਹੇ ਘੁੰਡ', 'ਖੁੱਲ੍ਹੇ ਰੰਗ ਅਸਮਾਨੀ', 'ਖੁੱਲ੍ਹੇ ਮੈਦਾਨ' ਆਪ ਦੀਆਂ ਮਹੱਤਵਪੂਰਨ ਕਾਵਿ ਪੁਸਤਕਾਂ ਹਨ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿਚਲਾ ਰੁਮਾਂਟਿਕ ਰੰਗ ਆਪ ਨੂੰ ਪੂਰਬਲੇ ਕਵੀਆਂ ਨਾਲੋਂ ਨਿਖੇੜਦਾ ਹੈ।

ਪੰਜਾਬ ਦੇ ਮਜੂਰ

ਓਏ ! ਮਜੂਰ ਚੰਗੇ ਲੱਗਦੇ !

ਨਿੱਕੇ ਨਿੱਕੇ ਖ਼ਿਆਲ ਇਨ੍ਹਾਂ ਦੇ,

ਉਂਨ੍ਹਾਂ ਵਿੱਚ ਢਲੀਆਂ ਇਨ੍ਹਾਂ ਦੀਆਂ ਜ਼ਿੰਦਗੀਆਂ,

ਸਾਦੇ ਸਾਦੇ ਚਿਹਰੇ, ਬੇਨਿਕਾਬ ਜਿਹੇ,

ਨ ਛੁਪਦੇ ਨ ਛੁਪਾਂਦੇ ਕੁਝ ਆਪਣਾ।

ਨੰਗੇ ਨੰਗੇ ਦਿਲ ਇਨ੍ਹਾਂ ਦੇ,

ਭੋਲੇ ਭਾਲੇ ਲੋਕ ਤੇ ਆਲੀਆਂ ਭੋਲੀਆਂ ਗੱਲਾਂ।

ਇਨ੍ਹਾਂ ਦੀ ਗਰੀਬੀ ਨਿੱਕੀ,

ਇਨ੍ਹਾਂ ਦਾ ਸੰਤੋਖ ਵੱਡਾ,

ਇਹ ਠੰਡੇ ਪਾਣੀ ਵਾਂਗ

ਮੇਰੇ ਜੀ ਨੂੰ ਠਾਰਦੇ।

(ਖਿਆਲ-ਵਿਚਾਰ, ਬੇਨਿਕਾਬ-ਪਰਦਾ ਰਹਿਤ, ਠਾਰਦੇ- ਤ੍ਰਿਪਤ ਕਰਦੇ)

ਹਲ ਵਾਹੁਣ ਵਾਲੇ

ਓਏ ! ਮੈ ਪੜ੍ਹਨ ਪੜ੍ਹਾਨ ਸਾਰਾ ਛੱਡਿਆ,

ਦਿਲ ਮੇਰਾ ਆਣ ਵਾਹੀਆਂ ਵਿੱਚ ਖੁੱਭਿਆ,

ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ,

ਜੱਟ ਬੂਟ ਮੇਰੇ ਯਾਰ ਵੋ।

ਲੱਸੀ ਦਾ ਛੰਨਾ ਦਿੰਦੇ,

ਬਾਜਰੇ ਦੀ ਰੋਟੀ,

ਮੱਖਣ ਦੀ ਪਿੰਨੀਂ ਦਿੰਦੇ,

ਦੁੱਧ ਦੀਆਂ ਕਟੋਰੀਆਂ।

ਸਾਗ ਦਿੰਦੇ, ਦਾਣੇ ਦਿੰਦੇ ਭੁੰਨੇ;

ਮੱਕੀ, ਜਵਾਰ ਤੇ ਛੋਲੀਆ।

ਪਾਣੀ ਠੰਢਾ ਖੂਹਾਂ ਦਾ ਦਿੰਦੇ,

ਖੁਸ਼ੀ ਦਿੰਦੇ ਪੀਣ ਨੂੰ, ਜੀਣ ਨੂੰ,

ਟਿੱਬੇ ਢੇਰ ਸਾਰੇ ਢਾਹ ਮਦਾਨ ਕਰਨ,

ਇਹ ਲੋਕੀਂ ਹਨ ਮੇਰੇ ਰੱਬ ਦੀਆਂ ਪੈਲੀਆਂ।

ਬੀਜ ਬੀਜਣ, ਇਹ ਹਲ ਚਲਾਣ,

ਘਾਲਾਂ ਘਾਲਣ ਪੂਰੀਆਂ।

ਖਾਣ ਥੋੜਾ, ਪਹਿਨਣ ਮੋਟਾ ਸੋਟਾ,

ਵੇਖਣ ਮੁੜ ਮੁੜ ਵੱਲ ਬੱਦਲਾਂ,

ਇਹ ਹਨ ਜੱਗ ਦੇ ਭੰਡਾਰੀ,

ਰਾਜੇ ਹੱਥ ਅੱਡ ਅੱਡ ਮੰਗਦੇ ਇੱਥੋਂ ਰੋਟੀਆਂ।

(ਘਾਲਾਂ ਘਾਲਣਾ– ਮਿਹਨਤ ਕਰਨ, ਮੋਟਾ ਸੋਟਾ– ਕੱਦਰ ਦਾ ਕੱਪੜਾ)

ਪੰਜਾਬ ਦੇ ਦਰਿਆ

ਰਾਵੀ ਸੁਹਣੀ ਪਈ ਵਗਦੀ।

ਮੈਨੂੰ ਸਤਲੁਜ ਪਿਆਰਾ ਹੈ,

ਮੈਨੂੰ ਬਿਆਸ ਪਈ ਖਿੱਚਦੀ,

ਮੈਨੂੰ ਝਨਾਂ ’ਵਾਜਾਂ ਮਾਰਦੀ,

ਮੈਨੂੰ ਜੇਹਲਮ ਪਿਆਰਦਾ ,

ਅਟਕਾਂ ਦੀਆਂ ਲਹਿਰਾਂ ਦੀ ਠਾਠ ਮੇਰੇ ਬੂਹੇ ‘ਤੇ ਵੱਜਦੀ।

ਖਾੜ ਖਾੜ ਚੱਲਣ ਵਿੱਚ ਮੇਰੇ ਸੁਫ਼ਨਿਆਂ,

ਪੰਜਾਬ ਦੇ ਦਰਿਆ,

ਪਿਆਰ ਅੱਗ ਇੰਨ੍ਹਾਂ ਨੂੰ ਲੱਗੀ ਹੋਈ,

ਪਿਆਰਾ ਜਪੁ ਸਾਹਿਬ ਗਾਉਂਦੇ,ਠੰਡੇ 'ਤੇ ਠਾਰਦੇ,ਪਿਆਰਦੇ।

(ਖਾੜ ਖਾੜ– ਸ਼ੋਰ ਮਚਾਉਣਾ, ਠਾਠ– ਮੌਜ, ਜਪੁ ਸਾਹਿਬ– ਗੁਰੂ ਨਾਨਕ ਦੇਵ ਜੀ ਦੀ ਬਾਣੀ)

ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ

(ੳ) ਓਏ ! ਮਜੂਰ ਚੰਗੇ ਲੱਗਦੇ !

ਨਿੱਕੇ ਨਿੱਕੇ ਖ਼ਿਆਲ ਇਨ੍ਹਾਂ ਦੇ,

ਉੱਨ੍ਹਾਂ ਵਿੱਚ ਢਲੀਆਂ ਇਨ੍ਹਾਂ ਦੀਆਂ ਜ਼ਿੰਦਗੀਆਂ,

ਸਾਦੇ ਸਾਦੇ ਚਿਹਰੇ, ਬੇਨਿਕਾਬ ਜਿਹੇ,

ਨ ਛੁਪਦੇ ਨ ਛੁਪਾਂਦੇ ਕੁਝ ਆਪਣਾ।

(ਅ) ਪਾਣੀ ਠੰਢਾ ਖੂਹਾਂ ਦਾ ਦਿੰਦੇ,

ਖੁਸ਼ੀ ਦਿੰਦੇ ਪੀਣ ਨੂੰ, ਜੀਣ ਨੂੰ,

ਟਿੱਬੇ ਢੇਰ ਸਾਰੇ ਢਾਹ ਮਦਾਨ ਕਰਨ,

ਇਹ ਲੋਕੀਂ ਹਨ ਮੇਰੇ ਰੱਬ ਦੀਆਂ ਪੈਲੀਆਂ।

ਬੀਜ ਬੀਜਣ, ਇਹ ਹਲ ਚਲਾਣ,

ਘਾਲਾਂ ਘਾਲਣ ਪੂਰੀਆਂ।

2. ਪੰਜਾਬ ਦੇ ਦਰਿਆ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

3. 'ਪੰਜਾਬ ਦੇ ਮਜ਼ੂਰ' ਕਵਿਤਾ ਮਜਦੂਰਾਂ ਦੇ ਕਿਹੜੇ ਗੁਣਾਂ ਦਾ ਜ਼ਿਕਰ ਕਰਦੀ ਹੈ ?

4. ' ਹੱਲ ਵਾਹੁਣ ਵਾਲੇ' ਕਵਿਤਾ ਰਾਹੀਂ ਕਵੀ ਕੀ ਦੱਸਣਾ ਚਾਹੁੰਦਾ ਹੈ ? ਬਿਆਨ ਕਰੋ।

5. ਪੰਜਾਬ ਦੇ ਦਰਿਆਵਾਂ ਦੀ ਕੀ ਸਿਫਤ ਹੈ ? 'ਪੰਜਾਬ ਦੇ ਦਰਿਆ' ਕਵਿਤਾ ਦੇ ਆਧਾਰ 'ਤੇ ਬਿਆਨ ਕਰੋ।